# 24

# ‘‘ਤੁਹਾਡਾ ਚਾਨਣ ਚਮਕੇ’’

## ਮੱਤੀ 5:14-16, ਇਕ ਨੇੜ ਝਾਤ

ਪਿਛਲੇ ਪਾਠ ‘‘ਤੁਹਾਡੀ ਕਦਰ ਉਸ ਨਾਲੋਂ ਵੱਧ ਹੈ ਜੋ ਤੁਹਾਨੂੰ ਲਗਦਾ ਹੈ’’ ਵਿਚ ਅਸੀਂ ਪਹਾੜੀ ਉਪਦੇਸ਼ ਦੇ ਦੂਜੇ ਭਾਗ ਵਿਚ ਮੱਤੀ 5:13–16 ਦਾ ਅਧਿਐਨ ਸ਼ੁਰੂ ਕੀਤਾ ਸੀ। ਉਸ ਵਿਚ ਅਸੀਂ ‘‘ਤੁਸੀਂ ਧਰਤੀ ਦਾ ਲੂਣ ਹੋ’’ ਵਿਚਲੇ ਸ਼ਬਦਾਂ ਦੀ ਗੱਲ ਕੀਤੀ ਸੀ। ਇਸ ਪਾਠ ਵਿਚ 14 ਤੋਂ 16 ਆਇਤਾਂ ਤੇ ਚਰਚਾ ਕਰਾਂਗੇ।

> ਤੁਸੀਂ ਜਗਤ ਦਾ ਚਾਨਣ ਹੋ। ਜਿਹੜਾ ਨਗਰ ਪਹਾੜ ਉੱਤੇ ਵੱਸਦਾ ਹੈ ਉਹ ਗੁੱਝਾ ਨਹੀਂ ਰਹਿ ਸਕਦਾ। ਅਤੇ ਦੀਵਾ ਬਾਲ ਕੇ ਟੋਪੇ ਦੇ ਹੇਠ ਨਹੀਂ[1] ਸਗੋਂ ਦੀਵਟ ਉੱਤੇ ਰੱਖਦੇ ਹਨ ਤਾਂ ਉਹ ਸਭਨਾਂ ਨੂੰ ਜਿਹੜੇ ਘਰ ਵਿਚ ਹਨ ਚਾਨਣ ਦਿੰਦਾ ਹੈ। ਇਸੇ ਤਰ੍ਹਾਂ ਤੁਹਾਡਾ ਚਾਨਣ ਮਨੁੱਖਾਂ ਦੇ ਸਾਹਮਣੇ ਚਮਕੇ ਤਾਂ ਜੋ ਉਹ ਤੁਹਾਡੇ ਸ਼ੁਭ ਕਰਮ ਵੇਖ ਕੇ ਤੁਹਾਡੇ ਪਿਤਾ ਦੀ ਜਿਹੜਾ ਸੁਰਗ ਵਿਚ ਹੈ ਵਡਿਆਈ ਕਰਨ (ਮੱਤੀ 5:14–16)।

### ਇਕ ਤਾਰੀਫ਼

‘‘ਤੁਸੀਂ ਜਗਤ ਦਾ ਚਾਨਣ ਹੋ।’’ ਜੇ ਤੁਸੀਂ ਇਸ ਤੇ ਗੰਭੀਰਤਾ ਨਾਲ ਵਿਚਾਰ ਕਰੋ, ਤਾਂ ਹੈਰਾਨ ਰਹਿ ਜਾਓਗੇ। ਇਨ੍ਹਾਂ ਸ਼ਬਦਾਂ ਤੋਂ ਪਤਾ ਲਗਦਾ ਹੈ ਕਿ ਮਸੀਹੀ ਹੋਣ ਦੇ ਨਾਤੇ ਅਸੀਂ ਖ਼ੁਦਾ ਦੀ ਯੋਜਨਾ ਵਿਚ ਭਾਗੀ ਹੀ ਨਹੀਂ ਹੁੰਦੇ, ਬਲਕਿ, ਕਿਸੇ ਹੱਦ ਤਕ ਸਾਡੇ ਵਿਚ ਖ਼ੁਦਾ ਅਤੇ ਯਿਸੂ ਵਾਲੀਆਂ ਖੂਬੀਆਂ ਆ ਜਾਂਦੀਆਂ ਹਨ। ਯੂਹੰਨਾ ਨੇ ਆਖਿਆ, ‘‘ਪਰਮੇਸ਼ੁਰ ਚਾਨਣ ਹੈ’’ (1 ਯੂਹੰਨਾ 1:5 )। ਯਿਸੂ ਨੇ ਆਖਿਆ, ‘‘ਮੈਂ ਜਗਤ ਦਾ ਚਾਨਣ ਹਾਂ’’ (ਯੂਹੰਨਾ 8:12)। ਇਨ੍ਹਾਂ ਆਇਤਾਂ ਦੇ ਰਾਹੀਂ ਯਿਸੂ ਆਪਣੇ ਚੇਲਿਆਂ ਵੱਲ ਇਸ਼ਾਰਾ ਕਰਦਿਆਂ ਆਖਦਾ ਹੈ, ‘‘ਤੁਸੀਂ ਜਗਤ ਦਾ ਚਾਨਣ ਹੋ।’’[2] ਜੇ ਇਸ ਨਾਲ ਖ਼ੁਦਾ ਦੀ ਸੰਤਾਨ ਦੇ ਰੂਪ ਵਿਚ ਤੁਹਾਡਾ ਸਿਰ ਫ਼ਖ਼ਰ ਨਾਲ ਉੱਚਾ ਨਹੀਂ ਹੁੰਦਾ ਤਾਂ ਹੋਰ ਕਿਸੇ ਗੱਲ ਨਾਲ ਨਹੀਂ ਹੋ ਸਕਦਾ।

ਯਿਸੂ ਦੇ ਇਹ ਕਹਿਣ ਦਾ ਕੀ ਭਾਵ ਸੀ ਕਿ ‘‘ਤੁਸੀਂ ਜਗਤ ਦਾ ਚਾਨਣ ਹੋ?’’ ਲੂਣ ਅਤੇ ਚਾਨਣ ਵਿਚ ਫ਼ਰਕ ਤੇ ਧਿਆਨ ਕਰੋ। ਉਸ ਜ਼ਮਾਨੇ ਵਿਚ ਲੂਣ ਦਾ ਮੁੱਖ ਮਕਸਦ ਨਕਾਰਾਤਮਕ ਭਾਵ ਸੜਨ ਰੋਕਣਾ ਹੁੰਦਾ ਸੀ। ਚਾਨਣ ਦਾ ਮੁੱਖ ਮਕਸਦ ਸਕਾਰਾਤਮਕ ਭਾਵ ਹਨੇਰਾ ਦੂਰ ਕਰਨਾ ਹੁੰਦਾ ਸੀ।

ਫੇਰ ਯਿਸੂ ਦਾ ਰੂਪਕ ਸਾਨੂੰ ਜਗਤ ਅਤੇ ਮਸੀਹੀ ਲੋਕਾਂ ਬਾਰੇ ਕੁਝ ਦੱਸਦਾ ਹੈ। ਉਹ ਸਾਨੂੰ ਦੱਸਦਾ ਹੈ ਕਿ ਜਗਤ ਅਨ੍ਹੇਰ ਵਿਚ ਹੈ। ਪਰ ਜਗਤ ਦੇ ਲੋਕ ਇਸ ਗੱਲ ਨੂੰ ਮੰਨਣ ਨੂੰ ਤਿਆਰ ਨਹੀਂ ਹਨ। ਕਈ ਵਾਰ ਲੋਕ ਬਾਈਬਲ ਨੂੰ ਠੁਕਰਾਉਂਦੇ ਹੋਏ ਆਖਦੇ ਹਨ, ‘‘ਅਸੀਂ ਵਿਗਿਆਨਕ ਯੁਗ ਵਿਚ ਰਹਿੰਦੇ ਹਾਂ।’’ ਤੁਸਾਂ ਇਹ ਵੀ ਸੁਣਿਆ ਹੋਵੇਗਾ ਕਿ ‘‘ਨਵਾਂ ਸਬੂਤ ਮਿਲਿਆ ਹੈ।’’ ਪਰ ਸੱਚਾਈ ਇਹ ਹੈ ਕਿ ਇਹ ਜਗਤ ਪਾਪ ਦੇ ਹਨੇਰੇ ਵਿਚ ਡੁੱਬਿਆ ਹੈ। ਖ਼ੁਦਾ ਦੇ ਪਵਿੱਤਰ ਵਚਨ ਦੀ ਰੌਸ਼ਨੀ ਦੇ ਬਿਨਾ ਹਰ ਬੁੱਧੀਜੀਵੀ ਪਾਪ ਦੇ ਅੰਧਕਾਰ ਵਿਚ ਹੀ ਹੈ।

ਸੰਸਾਰ ਅਸਲ ਵਿਚ ਹਨੇਰੇ ਨੂੰ ਪਹਿਲ ਦਿੰਦਾ ਹੈ। ਚਾਨਣ ਹੋਣ ਤੇ ‘‘ਹਨੇਰੇ ਦੀਆਂ ਗੁਪਤ

ਗੱਲਾਂ'' (1 ਕੁਰਿੰਥੀਆਂ 4:5; KJV) ਨਜ਼ਰ ਆ ਜਾਂਦੀਆਂ ਹਨ। ਯਿਸੂ ਨੇ ਆਖਿਆ ਕਿ ਉਸ ਦੇ ਸਮੇਂ ਦੇ ਲੋਕਾਂ ਨੇ ''ਹਨੇਰੇ ਨੂੰ ਚਾਨਣ ਨਾਲੋਂ ਵਧੀਕ ਪਿਆਰ ਕੀਤਾ'' (ਯੂਹੰਨਾ 3:19)। ਇਕ ਵਾਰ ਮੈਂ ਅਤੇ ਮੇਰੀ ਪਤਨੀ ਨੇ ਕਿਰਾਏ ਤੇ ਮਕਾਨ ਲਿਆ। ਇਕ ਪਰਿਵਾਰ ਦੇ ਨਿਕਲਣ ਦੇ ਬਾਅਦ, ਉਸ ਘਰ ਨੂੰ ਵੇਖਣ ਅਸੀਂ ਵੀ ਗਏ, ਉਨ੍ਹਾਂ ਘਰ ਦੀ ਹਾਲਤ ਬੜੀ ਖਰਾਬ ਕਰ ਛੱਡੀ ਸੀ, ਉੱਥੋਂ ਬਦਬੂ ਆ ਰਹੀ ਸੀ। ਜਦ ਅਸੀਂ ਬੱਤੀ ਬਾਲੀ, ਤਾਂ ਹਰ ਪਾਸੇ ਕੀੜੇ ਹੀ ਕੀੜੇ ਵਿਖਾਈ ਦੇ ਰਹੇ ਸਨ। ਕੀੜਿਆਂ ਨੂੰ ਰੌਸ਼ਨੀ ਪਸੰਦ ਨਹੀਂ ਹੁੰਦੀ, ਅਤੇ ਨਾ ਹੀ ਪਾਪ ਭਰੇ ਜਗਤ ਨੂੰ। ਫਿਰ ਵੀ, ਸੰਖੇਪ ਵਿਚ ਕਹੀਏ ਤਾਂ ਆਖਿਆ ਜਾ ਸਕਦਾ ਹੈ ਕਿ ਚਾਨਣ ਜਗਤ ਦੀ ਲੋੜ ਹੈ।

ਬਾਈਬਲ ਦੀ ਇਸ ਆਇਤ ਵਿਚ ਨਾ ਸਿਰਫ਼ ਇਹ ਐਲਾਨ ਹੈ ਕਿ ਦੁਨੀਆ ਹਨੇਰੇ ਵਿਚ ਹੈ, ਸਗੋਂ ਇਹ ਆਇਤ ਇਹ ਵੀ ਕਹਿੰਦੀ ਹੈ ਕਿ ਮਸੀਹੀ ਲੋਕ ਜਗਤ ਦਾ ਚਾਨਣ ਹਨ। ਮਸੀਹੀ ਲੋਕ ਉਹ ਹਨ ਜਿਨ੍ਹਾਂ ਕੋਲ ਚਾਨਣ ਹੈ। ਜੇ ਤੁਸੀਂ ਯਿਸੂ ਨੂੰ ਜਾਣਦੇ ਹੋ ਅਤੇ ਬਾਈਬਲ ਦਾ ਗਿਆਨ ਰੱਖਦੇ ਹੋ, ਤਾਂ ਤੁਹਾਨੂੰ ਵਿਆਹ, ਮਾਤਾ ਪਿਤਾ ਬਣਨ ਅਤੇ ਮੁਸ਼ਕਲਾਂ ਨੂੰ ਸੁਲਝਾਉਣ ਅਤੇ ਜ਼ਿੰਦਗੀ ਬਾਰੇ ਕਿਸੇ ਪੀ ਐਚ ਡੀ ਨਾਲੋਂ, ਜੋ ਮਸੀਹੀ ਨਹੀਂ ਹੈ, ਵੱਧ ਗਿਆਨ ਹੈ।[3]

ਯਿਸੂ ਦੇ ਚੇਲਿਆਂ ਦੇ ਰੂਪ ਵਿਚ, ਸਾਡੇ ਲਈ ਆਪਣਾ ਚਾਨਣ ਚਮਕਾਉਣਾ ਜ਼ਰੂਰੀ ਹੈ। ਅਸੀਂ ਇਹ ਚਾਨਣ ਮਸੀਹੀ ਜ਼ਿੰਦਗੀ ਜੀ ਕੇ ਹੀ ਚਮਕਾ ਸਕਦੇ ਹਾਂ। ਅਸੀਂ ਇਸ ਨੂੰ ਖ਼ੁਦਾ ਦੇ ਵਚਨ ਦੀ ਸਿੱਖਿਆ ਨਾਲ ਚਮਕਾ ਸਕਦੇ ਹਾਂ।[4]

ਮੈਨੂੰ ਸੰਸਾਰ ਦਾ ਨੈਤਿਕ ਅਤੇ ਰੂਹਾਨੀ ਹਨੇਰਾ ਚੰਗਾ ਨਹੀਂ ਲਗਦਾ। ਮੈਂ ਮੰਨਦਾ ਹਾਂ ਕਿ ਹਨੇਰਾ ਮੈਨੂੰ ਨਿਰਾਸ਼ ਕਰਦਾ ਹੈ। ਕਈ ਵਾਰ ਹਨੇਰਾ ਐਨਾ ਹੋ ਜਾਂਦਾ ਹੈ ਕਿ ਲਗਦਾ ਹੈ, ਮੈਂ ਹਿੰਮਤ ਹਾਰ ਗਿਆ ਹਾਂ। ਕਦੀ ਕਦੀ ਮੈਨੂੰ ਆਪਣੇ ਆਪ ਨੂੰ ਯਾਦ ਦੁਆਉਣਾ ਪੈਂਦਾ ਹੈ ਕਿ ਬਿਨਾਂ ਹਨੇਰੇ ਦੇ ਚਾਨਣ ਦੀ ਕੋਈ ਪੁੱਛ ਨਹੀਂ ਹੁੰਦੀ। ਚਾਨਣ ਦਾ ਕੰਮ ਹਨੇਰਾ ਦੂਰ ਕਰਨਾ ਹੈ। ਇਸ ਲਈ ਖ਼ੁਦਾ ਨੇ ਮੈਨੂੰ ਇਸ ਕੰਮ ਲਈ ਇੱਥੇ ਰੱਖਿਆ ਹੈ।[5]

ਫ਼ਿਲਿੱਪੀਆਂ 2:15, 16 ਵਿਚ ਢੁਕਵੀਂ ਆਇਤ ਹੈ। ਪੌਲੁਸ ਨੇ ਆਪਣੇ ਪਾਠਕਾਂ ਨੂੰ ''ਨਿਰਦੋਸ਼ ਅਤੇ ਸਿੱਧੇ ਸਾਧੇ ਹੋ ਕੇ ਵਿੰਗੀ ਟੇਢੀ ਪੀੜ੍ਹੀ ਵਿਚ ਪਰਮੇਸ਼ੁਰ ਦੇ ਨਿਰਮਲ ਬਾਲਕ ਬਣੇ'' ਰਹਿਣ ਦੀ ਚੁਣੌਤੀ ਦਿੱਤੀ, ''ਜਿਨ੍ਹਾਂ ਦੇ ਵਿਚ ਤੁਸੀਂ ਜਗਤ ਉੱਤੇ ਜੋਤਾਂ ਵਾਂਙੁ ਦਿੱਸਦੇ ਹੋ।''

ਇਸ ਤੇ ਗੌਰ ਕਰੋ: ਜਿੰਨਾ ਵੱਧ ਹਨੇਰਾ ਹੋਵੇਗਾ, ਚਾਨਣ ਓਨਾ ਹੀ ਬਹੁਤਾ ਚਮਕੇਗਾ। ਮੇਰੇ ਬੈੱਡਰੂਮ ਵਿਚ ਇਹ ਆਇਤ ਲਾਗੂ ਕੀਤੀ ਜਾ ਸਕਦੀ ਹੈ, ਜਿੱਥੇ ਛੋਟਾ ਜਿਹਾ ਹਰਾ ਬਲਬ ਹਰ ਵੇਲੇ ਜਗਦਾ ਰਹਿੰਦਾ ਹੈ। ਦਿਨ ਵੇਲੇ ਇਸ ਦੀ ਰੌਸ਼ਨੀ ਨਜ਼ਰ ਨਹੀਂ ਆਉਂਦੀ। ਪਰ ਰਾਤ ਨੂੰ, ਜਦ ਮੇਰੀ ਨਜ਼ਰ ਹਨੇਰੇ ਤੇ ਟਿਕੀ ਰਹਿੰਦੀ ਹੈ, ਤਾਂ ਮੈਂ ਉਸ ਮੱਧਮ ਜਿਹੀ ਹਰੀ ਰੌਸ਼ਨੀ ਵਿਚ ਕਮਰੇ ਦੀ ਹਰ ਚੀਜ਼ ਵੇਖ ਸਕਦਾ ਹਾਂ। ਜਦ ਹਰ ਪਾਸੇ ਚਾਨਣ ਹੋ ਜਾਵੇ ਤਾਂ ਜ਼ਰਾ ਜਿੰਨੀ ਰੌਸ਼ਨੀ ਦੀ ਵੀ ਬੜੀ ਅਹਿਮੀਅਤ ਹੁੰਦੀ ਹੈ।[6]

ਮੈਨੂੰ ਇਹ ਜ਼ੋਰ ਦੇਣਾ ਚਾਹੀਦਾ ਹੈ ਕਿ ਅਸੀਂ ''ਚਾਨਣ'' ਇਸ ਕਰਕੇ ਨਹੀਂ ਹਾਂ ਕਿ ਸਾਡੀ ਕੋਈ ਆਪਣੀ ਤਾਕਤ ਹੈ। ਸਗੋਂ ''ਚਾਨਣ'' ਰੌਸ਼ਨੀ ਦੇ ਦੇਣ ਵਾਲੇ ਭਾਵ ਖ਼ੁਦਾ ਅਤੇ ਯਿਸੂ ਨਾਲ ਜੁੜੇ ਹੋਣ ਕਰਕੇ ਹੈ। ਮਸੀਹੀ ਲੋਕਾਂ ਦੀ ਤੁਲਨਾ ਚੰਨ ਨਾਲ ਕੀਤੀ ਜਾ ਸਕਦੀ ਹੈ, ਜਿਹੜਾ ਸੂਰਜ ਤੋਂ ਰੌਸ਼ਨੀ ਲੈਂਦਾ ਹੈ। ਸਾਡੀ ਤੁਲਨਾ ਬਿਜਲੀ ਦੇ ਬਲਬਾਂ ਨਾਲ ਵੀ ਕੀਤੀ ਜਾ ਸਕਦੀ ਹੈ ਜੋ ਬਾਹਰੀ ਊਰਜਾ ਦੇ ਸ੍ਰੋਤ ਦੇ ਕਾਰਣ ਚਮਕਦੇ ਹਨ। ਤਾਂ ਵੀ, ਯਿਸੂ ਨੇ ਸਾਨੂੰ ਕਹਿ ਕੇ ਕਿ ''ਤੁਸੀਂ ਜਗਤ ਦਾ ਚਾਨਣ ਹੋ'' ਇਕ ਬੜੀ ਇੱਜ਼ਤ ਬਖ਼ਸ਼ੀ ਹੈ।

## ਇਕ ਚੁਣੌਤੀ

ਮਸੀਹ ਦੀਆਂ ਗੱਲਾਂ ਤਾਰੀਫ਼ ਹੀ ਨਹੀਂ, ਚੁਣੌਤੀ ਵੀ ਹਨ: ਸਾਨੂੰ ਆਪਣਾ ਚਾਨਣ ਚਮਕਾਉਣਾ ਚਾਹੀਦਾ ਹੈ।

ਯਿਸੂ ਨੇ ਆਖਿਆ, ''ਜਿਹੜਾ ਨਗਰ ਪਹਾੜ ਤੇ ਵੱਸਦਾ ਹੈ ਉਹ ਗੁੱਝਾ ਨਹੀਂ ਰਹਿ ਸਕਦਾ'' (ਆਇਤ 14)। ਉਸ ਜ਼ਮਾਨੇ ਵਿਚ, ਨਗਰ ਪਹਾੜੀਆਂ ਤੇ ਵਸਾਉਣ ਦੇ ਘੱਟੋ ਘੱਟ ਦੋ ਕਾਰਣ ਹੁੰਦੇ ਸਨ। ਪਹਿਲਾ ਤਾਂ ਵਿਹਾਰਕ ਕਾਰਣ ਸੀ: ਇਸ ਨਾਲ ਖੇਤੀ ਯੋਗ ਜ਼ਮੀਨ ਬੇਕਾਰ ਨਹੀਂ ਹੁੰਦੀ ਸੀ। ਦੂਜਾ ਸੁਰੱਖਿਆ ਪੱਖੋਂ ਸੀ: ਪਹਾੜੀ ਤੋਂ, ਲੋਕ ਦੁਸ਼ਮਣਾਂ ਨੂੰ ਆਪਣੇ ਵੱਲ ਆਉਂਦੇ ਦੂਰੋਂ ਵੇਖ ਸਕਦੇ ਸਨ।[7] ਉੱਥੋਂ ਲੰਘਦਾ ਹੋਇਆ ਮੁਸਾਫਰ ਕਿਸੇ ਨਗਰ ਤੇ ਪਹੁੰਚਣ ਤੇ ਆਖ ਸਕਦਾ ਸੀ ਕਿ ਉਹ ਨਗਰ ਪਹਾੜੀ ਤੇ ਵੱਸਿਆ ਹੋਇਆ ਹੈ। ਯਿਸੂ ਨੇ ਇਸੇ ਪਾਸੇ ਧਿਆਨ ਦੁਆਇਆ ਕਿ ਜਿਵੇਂ ਉਹ ਨਗਰ ਲੁਕ ਨਹੀਂ ਸਕਦੇ ਸਨ, ਉਵੇਂ ਹੀ ਸਾਨੂੰ ਆਪਣਾ ਚਾਨਣ (ਭਾਵ ਆਪਣਾ ਪ੍ਰਭਾਵ) ਲੁਕਾਉਣਾ ਨਹੀਂ ਚਾਹੀਦਾ। ਇਹ ਪ੍ਰਸੰਗਿਕਤਾ ਅਗਲੇ ਸ਼ਬਦਾਂ ਵਿਚ ਹੋਰ ਸਪੱਸ਼ਟ ਹੋ ਜਾਂਦੀ ਹੈ।

ਯਿਸੂ ਨੇ ਅੱਗੇ ਆਖਿਆ, ''ਲੋਕ ਦੀਵਾ ਬਾਲ ਕੇ ਟੋਪੇ ਹੇਠ ਨਹੀਂ'' ਰੱਖਦੇ (ਆਇਤ 15)। KJV ਵਿਚ ''ਨਾ ਲੋਕ ... ਇਸ ਨੂੰ ਟੋਕਰੀ ਹੇਠ ਰੱਖਦੇ'' ਹਨ। ਬਚਪਨ ਵਿਚ ਮੈਨੂੰ ਇਹ ਗੱਲ ਬੜਾ ਪਰੇਸ਼ਾਨ ਕਰਦੀ ਸੀ ਕਿਉਂਕਿ ਟੋਕਰੀਆਂ ਵੱਡੇ ਵੱਡੇ ਮੋਰਿਆਂ ਵਾਲੀਆਂ ਹੁੰਦੀਆਂ ਸਨ। ਜੇ ਮੈਂ ਮੋਮਬੱਤੀ ਜਾਂ ਲੈਂਪ/ਦੀਵਾ ਉਨ੍ਹਾਂ ਟੋਕਰੀਆਂ ਹੇਠ ਰੱਖਣਾ ਹੁੰਦਾ ਤਾਂ ਰੌਸ਼ਨੀ ਉਨ੍ਹਾਂ ਝੀਥਾਂ ਵਿੱਚੋਂ ਦੀ ਆਉਂਦੀ ਸੀ। NASB ਦੇ 1995 ਵਾਲੇ ਅਨੁਵਾਦ ਵਿਚ ''a peck measure'' ਹੈ। ਇਹ ਮਿੱਟੀ ਦਾ ਭੜੋਲਾ ਹੁੰਦਾ ਸੀ, ਜਿਸ ਵਿਚ ਇਕ ਪੈੱਕ ਅਨਾਜ ਆ ਜਾਂਦਾ ਸੀ।[8] ਅਜਿਹੇ ਭਾਂਡਿਆਂ ਦੇ ਹੇਠਾਂ ਦੀਵਾ ਰੱਖਣ ਤੇ ਉਨ੍ਹਾਂ ਦੀ ਲੋਅ ਬੁਝ ਸਕਦੀ ਸੀ।[9]

ਦੀਵਟ ਦੇ ਹੇਠਾਂ ਦੀਵਾ ਰੱਖਣ ਦੀ ਉਦਾਹਰਣ ਦਾ ਮੂਲ ਅਰਥ ਇਸ ਸਰਮਨ ਵਿਚ ਲੂਣ ਦਾ ਸੁਆਦ ਗੁਆਉਣ ਦੀ ਉਦਾਹਰਣ ਵਾਂਗ ਹੈ, ''ਤੁਹਾਡੀ ਕਦਰ ਉਸ ਨਾਲੋਂ ਵੱਧ ਹੈ ਜੋ ਤੁਹਾਨੂੰ ਲਗਦਾ ਹੈ।'' ਬੇਸੁਆਦੇ ''ਲੂਣ'' ਦਾ ਕੋਈ ਮਹੱਤਵ ਨਹੀਂ ਹੁੰਦਾ; ਨਾ ਹੀ ਲੁਕੀ ਹੋਈ ਰੌਸ਼ਨੀ ਦਾ। ਜਿਵੇਂ ਲੂਣ ਆਪਣਾ ਸੁਆਦ ਗੁਆ ਸਕਦਾ, ਉਵੇਂ ਹੀ ਚਾਨਣ ਵੀ ਹਨੇਰਾ ਮਿਟਾਉਣ ਦੀ ਆਪਣੀ ਸ਼ਕਤੀ ਗੁਆ ਸਕਦਾ ਹੈ। ਇਹ ਕਿਵੇਂ ਹੋ ਸਕਦਾ ਹੈ? ਦੀਵਾ ਲੁਕਾਇਆ ਜਾ ਸਕਦਾ ਹੈ। ਦੁੱਖ ਦੀ ਗੱਲ ਹੈ ਕਿ ਬਹੁਤ ਸਾਰੇ ਲੋਕ ਜਿਹੜੇ ਦੁਨੀਆਂਦਾਰੀ ਦੇ ''ਦੀਵਟ'' ਜਾਂ ਜੋਸ਼ ਦੀ ਕਮੀ ਦੇ ''ਦੀਵਟ'' ਦੇ ਹੇਠਾਂ ਰੱਖਦੇ ਹਨ।[10] ਇਸ ਆਖ਼ਰੀ ਵਰਗ ਵਿਚ, ਖ਼ੁਦਾ ਨੇ ਆਖਿਆ, ''ਮੈਂ ਦੁਚਿੱਤਿਆਂ ਨਾਲ ਵੈਰ ਰੱਖਦਾ ਹਾਂ'' (ਜ਼ਬੂਰ 119:113), ਭਾਵ ਜਿਨ੍ਹਾਂ ਦਾ ਵਿਸ਼ਵਾਸ ਵੰਡਿਆ ਜਾ ਚੁੱਕਿਆ ਹੈ। ਮੌਫ਼ਟ ਨੇ ਇਸ ਆਇਤ ਦਾ ਅਨੁਵਾਦ ਇਵੇਂ ਕੀਤਾ ਹੈ, ''ਮੈਨੂੰ ਉਨ੍ਹਾਂ ਤੋਂ ਜਿਹੜੇ ਅੱਧੇ ਅਤੇ ਅੱਧੇ ਹਨ ਨਫ਼ਰਤ ਹੈ।''

ਯਿਸੂ ਦੇ ਵਕਤ ਵਿਚ, ਲੋਕ ਦੀਵੇ ਨੂੰ ਟੋਪੇ ਹੇਠਾਂ ਨਹੀਂ, ਬਲਕਿ ਦੀਵਟ ਤੇ ਰੱਖਦੇ ਸਨ (ਆਇਤ 15)। ਇਹ ਦੀਵਟਾਂ ਕੰਧਾਂ ਉੱਤੇ ਉੱਚੀ ਥਾਂ ਬਣੀਆਂ ਹੁੰਦੀਆਂ ਸਨ। ਕਈ ਵਾਰ ਇਹ ਕੰਧ ਵਿਚ ਬਣਿਆ ਆਲਾ ਹੁੰਦਾ ਸੀ; ਅਕਸਰ ਇਹ ਲੱਕੜ ਜਾਂ ਧਾਤ ਦਾ ਛੋਟਾ ਜਿਹਾ ਖਾਨਾ ਹੁੰਦਾ ਸੀ। ਅਜਿਹੇ ਸਟੈਂਡ ਤੇ ਰੱਖਣ ਨਾਲ ਦੀਵੇ ਦੀ ਲੋਅ ''ਘਰ ਦੇ ਸਭ ਲੋਕਾਂ ਨੂੰ'' ਪਹੁੰਚ ਸਕਦੀ ਸੀ (ਆਇਤ 15)। ਇਸੇ ਹੀ ਤਰ੍ਹਾਂ, ਯਿਸੂ ਨੇ ਆਖਿਆ ਕਿ ''ਤੁਹਾਡਾ ਚਾਨਣ ਮਨੁੱਖਾਂ ਅੱਗੇ ਚਮਕੇ'' (ਆਇਤ 16)।

ਅਸੀਂ ਇਹ ਕਿਵੇਂ ਕਰ ਸਕਦੇ ਹਾਂ? ਯਿਸੂ ਨੇ ਆਖਿਆ ਕਿ ''ਇਸੇ ਤਰ੍ਹਾਂ ਤੁਹਾਡਾ ਚਾਨਣ ਮਨੁੱਖਾਂ ਦੇ ਸਾਹਮਣੇ ਚਮਕੇ ਤਾਂ ਜੋ ਉਹ ਤੁਹਾਡੇ ਸ਼ੁਭ ਕਰਮ ਵੇਖ ਸਕਣ'' (ਆਇਤ 16)। ਜਿਵੇਂ ਸਾਨੂੰ ਜੀਣਾ ਚਾਹੀਦਾ ਹੈ ਉਵੇਂ ਜੀ ਕੇ ਅਤੇ ਦੂਜਿਆਂ ਦੀ ਮਦਦ ਕਰਕੇ ''ਸ਼ੁੱਭ ਕਰਮ'' ਵਿਖਾਉਂਦਿਆਂ, ਅਸੀਂ ਆਪਣਾ ਚਾਨਣ ਖਲਾਰਦੇ ਹਾਂ।[11]

ਮੈਂ ਪਹਾੜੀ ਉਪਦੇਸ਼ ਤੋਂ ਵਾਕਫ਼ ਲੋਕਾਂ ਦੇ ਵਿਰੋਧ ਦੀ ਕਲਪਨਾ ਕਰਦਾ ਹਾਂ ਕਿ ਅਗਲੇ ਅਧਿਆਇ

ਵਿਚ ਯਿਸੂ ਨੇ ''ਵਿਖਾਵੇ ਲਈ'' ਦੁਆ ਕਰਨ ਅਤੇ ਰੋਜ਼ਾ ਰੱਖਣ ਦੇ ਵਿਰੁੱਧ ਚਿਤਾਵਨੀ ਦਿੱਤੀ (ਮੱਤੀ 6:5; ਵੇਖੋ 6:16)। ਵਿਖਾਵੇ ਲਈ ਅਤੇ ਵਿਖਾਈ ਦੇਣ ਵਾਲੇ ਕੰਮਾਂ ਵਿਚ ਕੀ ਫ਼ਰਕ ਹੈ? ਜਵਾਬ ਹੈ ''ਵਿਹਾਰ ਅਤੇ ਮਕਸਦ'' ਦਾ। ਲੋਕਾਂ ਨੂੰ ਵਿਖਾਉਣ ਲਈ ਸ਼ੁੱਭ ਕਰਮ ਕਰਨਾ, ਜਿਸ ਨਾਲ ਉਹ ਤੁਹਾਡੀ ਵਾਹ ਵਾਹ ਕਰਨ, ਅਤੇ ਆਪਣੇ ਸ਼ੁੱਭ ਕਰਮਾਂ ਨੂੰ ਵੇਖ ਕੇ ਲੋਕਾਂ ਵੱਲੋਂ ਖ਼ੁਦਾ ਦੀ ਵਡਿਆਈ ਕੀਤੇ ਜਾਣ ਵਿਚ ਬੜਾ ਫ਼ਰਕ ਹੈ।

ਜੇ ਸਾਡਾ ਚਾਨਣ ਸ਼ੁੱਭ ਕਰਮ ਕਰਨਾ ਹੈ, ਤਾਂ ਲੋਕਾਂ ਨੂੰ ਯਿਸੂ ਨੂੰ ਵੇਖਣ ਦੇਣਾ ਚਾਹੀਦਾ ਹੈ। ਕਿਸੇ ਨੇ ਆਖਿਆ ਹੈ ਕਿ ਆਖ਼ਰ ਗੁਪਤ ਸ਼ਗਿਰਦੀ ਵਰਗੀ ਕੋਈ ਗੱਲ ਨਹੀਂ ਹੈ, ਕਿਉਂਕਿ ਗੁਪਤ ਰਹਿਣਾ ਜਾਂ ਤਾਂ ਸ਼ਗਿਰਦੀ ਦਾ ਨਾਸ ਕਰ ਦਏਗਾ ਜਾਂ ਸ਼ਗਿਰਦੀ ਹੀ ਗੁਪਤ ਹੋਣ ਦਾ ਨਾਸ ਕਰ ਦਏਗੀ।

ਸਾਨੂੰ ਆਪਣਾ ਚਾਨਣ ਕਿਉਂ ਚਮਕਾਉਣਾ ਚਾਹੀਦਾ ਹੈ? ਅਸੀਂ ਆਪਣੀ ਤਾਰੀਫ਼ ਦੀ ਨਹੀਂ ਸਗੋਂ ਖ਼ੁਦਾ ਨੂੰ ਵਡਿਆਈ ਦੇਣ ਦੀ ਇੱਛਾ ਕਰੀਏ। ਖ਼ੁਦਾ ਦਾ ਮਕਸਦ ਆਪਣੇ ਵੱਲ ਧਿਆਨ ਖਿੱਚਣਾ ਨਹੀਂ, ਸਗੋਂ ਉਹ ਦਾ ਚਾਨਣ ਖਿੰਡਾਉਣਾ ਹੈ, ਜਿਹੜਾ ਇਸ ਦੀਆਂ ਕਿਰਣਾਂ ਵਿਚ ਹੈ। ਖ਼ੁਦਾ ਦੇ ਖ਼ੌਫ਼ ਵਾਲੀ ਮਸੀਹੀ ਜ਼ਿੰਦਗੀ ਜੀਣ ਦਾ ਸਾਡਾ ਮਕਸਦ ਆਪਣੇ ਵੱਲ ਧਿਆਨ ਖਿੱਚਣਾ ਨਹੀਂ, ਬਲਕਿ (ਜਿਵੇਂ ਯਿਸੂ ਨੇ ਆਖਿਆ) ''*[ਆਪਣੇ]* ਪਿਤਾ ਦੀ, ਜਿਹੜਾ ਸੁਰਗ ਵਿਚ ਹੈ, ਵਡਿਆਈ'' ਕਰਨਾ ਹੈ (ਆਇਤ 16)।

## ਸਾਰ

ਲੂਣ ਅਤੇ ਚਾਨਣ ਜ਼ਰੂਰੀ ਹਨ। ਸਾਨੂੰ ਲਗਦਾ ਹੈ ਕਿ ਸਾਨੂੰ ਬਹੁਤ ਸਾਰੀਆਂ ਚੀਜ਼ਾਂ ਦੀ ਲੋੜ ਹੈ, ਪਰ ਜ਼ਰੂਰੀ ਉਨ੍ਹਾਂ ਵਿੱਚੋਂ ਕੁਝ ਹੀ ਹਨ। ਉਨ੍ਹਾਂ ਜ਼ਰੂਰੀ ਚੀਜ਼ਾਂ ਵਿੱਚੋਂ ਲੂਣ ਅਤੇ ਚਾਨਣ ਹਨ, ਕਿਉਂਕਿ ਅਸੀਂ ਉਨ੍ਹਾਂ ਦੇ ਬਗੈਰ ਰਹਿ ਨਹੀਂ ਸਕਦੇ। ਯਿਸੂ ਨੇ ਆਖਿਆ, ''ਤੁਸੀਂ ਧਰਤੀ ਦਾ ਲੂਣ ਹੋ''; ''ਤੁਸੀਂ ਜਗਤ ਦਾ ਚਾਨਣ ਹੋ।'' ਆਸ ਹੈ ਕਿ ਇਨ੍ਹਾਂ ਵਾਕਾਂ ਵਿਚ ਪਾਈ ਜਾਣ ਵਾਲੀ ਤਾਰੀਫ਼ ਦੀ ਅਹਿਮੀਅਤ ਨੂੰ ਤੁਸੀਂ ਸਮਝੋਗੇ। ਮੇਰੀ ਦੁਆ ਹੈ ਕਿ ਅਸੀਂ ਇਨ੍ਹਾਂ ਸ਼ਬਦਾਂ ਵਿਚਲੀ ਚੁਣੌਤੀ ਨੂੰ ਕਬੂਲ ਕਰੀਏ।

ਕਲੀਸੀਆ ਦਾ ਕਿਵੇਂ ਪਤਾ ਲਗਦਾ ਹੈ? ਜਦ ਲੋਕ ਉਸ ਮੰਡਲੀ ਦੀ, ਜਿੱਥੇ ਤੁਸੀਂ ਸੇਵਾ ਅਤੇ ਬੰਦਗੀ ਕਰਦੇ ਹੋ, ਗੱਲ ਕਰਦੇ ਹਨ, ਤਾਂ ਕੀ ਆਖਦੇ ਹਨ? ਕੀ ਉਨ੍ਹਾਂ ਦੀਆਂ ਗੱਲਾਂ ਤੋਂ ਇਹ ਪਤਾ ਲਗਦਾ ਹੈ ਕਿ ਇਸ ਦਾ ਕੋਈ ਸਟੈਂਡ ਹੈ (ਭਾਵ ਇਹ ''ਲੂਣ'' ਹੈ) ਅਤੇ ਇਹ ਕਿ ਇਹ ਪ੍ਰਭੂ ਲਈ ਕੁਝ ਕਰ ਰਹੀ ਹੈ (ਭਾਵ ਇਹ ''ਚਾਨਣ'' ਹੈ)? ਤੁਸੀਂ? ਲੋਕ ਤੁਹਾਨੂੰ ਕਿਵੇਂ ਜਾਣਦੇ ਹਨ? ਕੀ ਤੁਸੀਂ ਲੂਣ ਹੋ? ਕੀ ਤੁਸੀਂ ਚਾਨਣ ਹੋ?

ਅਕਸਰ ਅਸੀਂ ਆਪਣੇ ਆਲੇ ਦੁਆਲੇ ਦੇ ਪਾਪੀ ਜਗਤ ਤੇ ਕੁਰਲਾਉਂਦੇ ਅਤੇ ਦੁਖੀ ਹੁੰਦੇ ਹਾਂ। ਅਸੀਂ ਆਖਦੇ ਹਾਂ, ''ਕਿਉਂ? ਲੋਕ ਐਨੇ ਬੁਰੇ ਕਿਉਂ ਹੋ ਰਹੇ ਹਨ?'' ਸ਼ਾਇਦ ਸਾਨੂੰ ਪੁੱਛਣਾ ਚਾਹੀਦਾ ਹੈ, ''ਕਿੱਥੇ? ਲੂਣ ਅਤੇ ਚਾਨਣ ਕਿੱਥੇ ਹਨ?'' ਖ਼ੁਦਾ ਸਾਡੇ ਵਿੱਚੋਂ ਹਰੇਕ ਦੀ ''ਧਰਤੀ ਦੇ ਲੂਣ'' ਅਤੇ ''ਜਗਤ ਦਾ ਚਾਨਣ'' ਬਣਨ ਵਿਚ ਮਦਦ ਕਰੇ।[12]

---

ਟਿੱਪਣੀਆਂ

[1]KJV ਵਿਚ ''ਮੋਮਬੱਤੀ'' ਅਤੇ ''ਸ਼ਮਾਦਾਨ'' ਹੈ। [2]ਮੂਲ ਲਿਖਤ ਵਿਚ ''ਤੁਸੀਂ'' ਸ਼ਬਦ ਤੇ ਜ਼ੋਰ ਦਿੱਤਾ ਗਿਆ ਹੈ। ਬਹੁਤ ਸਾਰੀਆਂ ਆਇਤਾਂ ਦੱਸਦੀਆਂ ਹਨ ਕਿ ਮਸੀਹੀ ਬਣਨਾ ਹਨੇਰੇ ਤੋਂ ਚਾਨਣ ਵਿਚ ਆਉਣ ਵਾਂਗ ਹੈ (ਵੇਖੋ ਯੂਹੰਨਾ 8:12; ਰਸੂਲਾਂ ਦੇ ਕੰਮ 26:18; ਅਫ਼ਸੀਆਂ 5:8; ਫ਼ਿਲਿੱਪੀਆਂ 2:15,16; 1 ਪਤਰਸ 2:9)। [3]ਇਸ ਗੱਲ ਦਾ ਮਕਸਦ ਸਿੱਖਿਆ ਦੇ ਮਹੱਤਵ ਨੂੰ ਘੱਟ ਕਰਨਾ ਨਹੀਂ ਹੈ। ਮੇਰਾ ਮੰਨਣਾ ਹੈ

ਕਿ ਜਿੰਨਾ ਉਹ ਪੜ੍ਹ ਸਕੇ, ਪੜ੍ਹਨਾ ਚਾਹੀਦਾ ਹੈ। ਇਸ ਗੱਲ ਦਾ ਮਕਸਦ ਇਹ ਜ਼ੋਰ ਦੇਣਾ ਕਿ ਬਾਈਬਲ ਦਾ ਗਿਆਨ ਹਰ ਸੈਕੁਲਰ (ਦੁਨਿਆਵੀ) ਸਿੱਖਿਆ ਨਾਲੋਂ ਅਹਿਮ ਹੈ। [4]ਤੁਸੀਂ ਆਪਣੇ ਸੁਣਨ ਵਾਲਿਆਂ ਲਈ ਨਿੱਜੀ ਪ੍ਰਾਸੰਗਿਕਤਾ ਬਣਾ ਕੇ ਵਚਨ ਦੇ ਇਸ ਭਾਗ ਨੂੰ ਵਿਸਤਾਰ ਦੇਣਾ ਚਾਹੋ ਤਾਂ ਦੇ ਸਕਦੇ ਹੋ। ਆਪਣੇ ਸਮਾਜ ਵਿਚ ''ਤੁਹਾਡਾ ਚਾਨਣ ਚਮਕੇ'' ਦੇ ਖ਼ਾਸ ਢੰਗਾਂ ਤੇ ਧਿਆਨ ਦਿਓ। [5]ਮੈਂ ਸੁਰਗ ਵਿਚ ਜਾਣ ਦੀ ਉਡੀਕ ਵਿਚ ਹਾਂ, ਜਿੱਥੇ ਖ਼ੁਦਾ ਦਾ ਚਾਨਣ ਹਨੇਰੇ ਨੂੰ ਦੂਰ ਕਰ ਦਏਗਾ (ਪ੍ਰਕਾਸ਼ ਦੀ ਪੋਥੀ 21:25; 22:5)। ਇਸ ਦੇ ਨਾਲ ਹੀ ਮੈਂ ਹਨੇਰੀ ਦੁਨੀਆਂ ਵਿਚ ਹਾਂ, ਜਿੱਥੇ ਖ਼ੁਦਾ ਚਾਹੁੰਦਾ ਹੈ ਕਿ ਮੈਂ ਰਹਾਂ। [6]ਇਹ ਸਮਝਣ ਲਈ ਕਿ ਹਨੇਰੇ ਵਿਚ ਛੋਟੀ ਤੋਂ ਛੋਟੀ ਰੌਸ਼ਨੀ ਦੀ ਅਹਿਮੀਅਤ ਹੈ, ਤੁਸੀਂ ਆਪਣੀ ਉਦਾਹਰਣ ਦੇ ਸਕਦੇ ਹੋ। ਮੈਂ ਵੱਡੇ ਵੱਡੇ ਸਟੇਡੀਅਮਾਂ ਵਿਚ ਗਿਆ ਹਾਂ, ਜਿੱਥੇ ਹਰ ਕੋਈ ਮੋਮਬੱਤੀ ਜਾਂ ਟਾਰਚ ਜਗਾ ਦਿੰਦਾ ਹੈ। ਇਸ ਦਾ ਅਸਰ ਜ਼ਬਰਦਸਤ ਰਹਿੰਦਾ ਹੈ। [7]''ਪਹਾੜ ਤੇ ਵੱਸੇ'' ਸ਼ਹਿਰ ਆਮ ਤੌਰ ਤੇ ਸੁਰੱਖਿਅਤ ਹੁੰਦੇ ਸਨ। [8]ਟੋਪਾ ਅੱਠ ਸੇਰ ਜਿੰਨਾ ਜਾਂ 8.81 ਲੀਟਰ ਦਾ ਹੁੰਦਾ ਹੈ। [9]ਦੀਵੇ ਨੂੰ ਦੀਵਟ ਦੇ ਹੇਠਾਂ ਰੱਖਣ ਦਾ ਮਤਲਬ ਅਖ਼ੀਰ ਆਕਸੀਜਨ ਖ਼ਤਮ ਹੋਣ ਤੇ ਦੀਵਾ ਬੁਝ ਜਾਵੇਗਾ, ਪਰ ਯਿਸੂ ਦੇ ਕਹਿਣ ਦਾ ਜ਼ੋਰ ਚਾਨਣ ਨੂੰ ਲੁਕਾਉਣ ਵਿਚ ਸੀ। [10]''ਟੋਪਾਂ'' ਦੀ ਸੂਚੀ ਵਧਾਈ ਜਾ ਸਕਦੀ ਹੈ, ਇਸ ਸੂਚੀ ਨੂੰ ਆਪਣੇ ਇਲਾਕੇ ਦੀਆਂ ਲੋੜਾਂ ਮੁਤਾਬਕ ਵਰਤਿਆ ਜਾ ਸਕਦਾ ਹੈ।

[11]ਇਸ ਨੂੰ ਵੀ ਆਪਣੇ ਸੁਣਨ ਵਾਲਿਆਂ ਨੂੰ ''ਤੁਹਾਡਾ ਚਾਨਣ ਚਮਕੇ'' ਦੇ ਉਨ੍ਹਾਂ ਦੇ ਇਲਾਕੇ ਦੇ ਹਿਸਾਬ ਨਾਲ ਖ਼ਾਸ ਢੰਗ ਦੱਸਣ ਲਈ ਵਿਸਤਾਰ ਦਿੱਤਾ ਜਾਣਾ ਚਾਹੀਦਾ ਹੈ। [12]ਇਸ ਸਰਮਨ ਦੀ ਵਰਤੋਂ ਕਰਦਿਆਂ ਤੁਸੀਂ ਆਪਣੇ ਸੁਣਨ ਵਾਲਿਆਂ ਨੂੰ ਸਹੀ ਪ੍ਰਭਾਵ ਪਾਉਣ ਲਈ ਜੋ ਵੀ ਲੋੜ ਹੋਵੇ, ਕਰਨ ਲਈ ਦਲੇਰ ਕਰੋ। ਕੁਝ ਲੋਕ ਅਜਿਹੇ ਹੋਣਗੇ, ਜਿਨ੍ਹਾਂ ਨੂੰ ਵਿਸ਼ਵਾਸ ਅਤੇ ਬਪਤਿਸਮੇ ਰਾਹੀਂ ਮਸੀਹੀ ਬਣਾਉਣ ਦੀ ਲੋੜ ਹੈ (ਮਰਕੁਸ 16:16)। ਬੇਵਿਸ਼ਵਾਸੇ ਮਸੀਹੀ ਲੋਕਾਂ ਨੂੰ ਤੌਬਾ ਕਰਨ, ਇਕਰਾਰ ਕਰਨ ਅਤੇ ਦੁਆ ਰਾਹੀਂ ਘਰ ਵਾਪਸੀ ਦੀ ਲੋੜ ਹੈ (ਰਸੂਲਾਂ ਦੇ ਕੰਮ 8:22; ਯੂਹੰਨਾ 5:16)।